WORKSAFE BC
WORKING TO MAKE A DIFFERENCE
worksafebc.com

# ਟੂਲਬਾਕਸ ਮੀਟਿੰਗ ਗਾਈਡ

TOOLBOX MEETING GUIDE

# ਟੂਲਬਾਕਸ ਮੀਟਿੰਗ ਲਈ ਚੈੱਕਲਿਸਟ

**Toolbox meeting checklist**

## ਸੁਰੱਖਿਆ ਦਾ ਕੋਈ ਵਿਸ਼ਾ ਚੁਣੋ

Choose a safety topic

- ❑ ਅਜਿਹਾ ਵਿਸ਼ਾ ਚੁਣੋ ਜੋ ਕਾਮਿਆਂ ਵੱਲੋਂ ਕੀਤੇ ਜਾ ਰਹੇ ਕੰਮ ਨਾਲ ਸੰਬੰਧ ਰਖਦਾ ਹੋਵੇ।

## ਤਿਆਰੀ ਕਰੋ

Be prepared

- ❑ ਕੰਮ ਵਾਲੇ ਥਾਂ ਦਾ ਅਜਿਹੇ ਖ਼ਤਰਿਆਂ ਲਈ ਮੁਆਇਨਾ ਕਰੋ ਜੋ ਤੁਹਾਡੇ ਵਿਸ਼ੇ ਨਾਲ ਸੰਬੰਧ ਰਖਦੇ ਹੋਣ।
- ❑ ਉਸ ਲਿਖਤੀ ਸਾਮੱਗਰੀ ਨੂੰ ਪੜ੍ਹੋ ਜਿਸ ਬਾਰੇ ਤੁਸੀਂ ਗੱਲਬਾਤ ਕਰਨ ਦੀ ਯੋਜਨਾ ਬਣਾਈ ਹੈ।
- ❑ ਯਕੀਨੀ ਬਣਾ ਲਵੋ ਕਿ ਅੱਜ ਦੇ ਵਿਸ਼ੇ ਨਾਲ ਸੰਬੰਧਿਤ ਨਿਯਮਾਂ, ਗਾਈਡਲਾਈਨਾਂ ਅਤੇ ਕੰਪਨੀ ਦੇ ਅਸੂਲਾਂ ਤੋਂ ਤੁਸੀਂ ਜਾਣੂ ਹੋ।
- ❑ ਇਸ ਸਥਾਨ ਤੇ ਹੁਣੇ ਹੁਣੇ ਹੋਏ ਐਕਸੀਡੈਂਟਾਂ ਦੀਆਂ ਜਾਂ ਜੋ "ਐਕਸੀਡੈਂਟ ਹੁੰਦੇ ਹੁੰਦੇ ਬਚ ਗਏ" ਉਹਨਾਂ ਦੀਆਂ ਰਿਪੋਰਟਾਂ ਪੜ੍ਹ ਲਵੋ।

## ਕਾਮਿਆਂ ਨੂੰ ਮੀਟਿੰਗ ਵਿਚ ਸਰਗਰਮੀ ਨਾਲ ਸ਼ਾਮਲ ਕਰੋ

Get the crew actively involved in the meeting

- ❑ ਗੱਲ ਕਰਨ ਲਈ ਅਸਲੀ ਜ਼ਿੰਦਗੀ ਵਿਚੋਂ ਕੋਈ ਮਿਸਾਲ ਚੁਣੋ (ਜਿਵੇਂ ਕੋਈ ਪਹਿਲਾਂ ਵਾਪਰੀ ਗੱਲ)।
- ❑ ਕਾਮਿਆਂ ਨੂੰ ਵਿਸ਼ੇ ਉਤੇ ਪ੍ਰਸ਼ਨ ਪੁੱਛਣ ਜਾਂ ਸੁਝਾ ਦੇਣ ਲਈ ਕਹੋ।
- ❑ ਜਿਹਨਾਂ ਪ੍ਰਸ਼ਨਾਂ ਦੇ ਤੁਸੀਂ ਜਵਾਬ ਦੇ ਸਕਦੇ ਹੋ ਦੇਵੋ, ਜਿਹਨਾਂ ਦੇ ਨਹੀਂ ਦੇ ਸਕਦੇ ਉਹਨਾਂ ਦੇ ਉੱਤਰ ਲੱਭ ਕੇ ਲਿਆਉਣ ਦਾ ਵਾਅ੍ਹਦਾ ਕਰੋ।
- ❑ ਮੀਟਿੰਗ ਦੇ ਅੰਤ ਉਤੇ ਕਿਸੇ ਵੀ ਸੁਰੱਖਿਆ ਦੇ ਮੁੱਦੇ ਉਤੇ ਪ੍ਰਸ਼ਨਾਂ-ਉੱਤਰਾਂ ਲਈ ਸਮਾਂ ਰੱਖੋ।
- ❑ ਕਾਮਿਆਂ ਨੂੰ ਮੀਟਿੰਗ ਬਾਰੇ ਆਪਣੇ ਵਿਚਾਰ ਦੇਣ ਲਈ ਕਹੋ।
- ❑ ਭਵਿੱਖ ਵਿਚ ਹੋਣ ਵਾਲੀਆਂ ਸੁਰੱਖਿਆ-ਮੀਟਿੰਗਾਂ ਦੀ ਤਿਆਰੀ ਅਤੇ ਅਗਵਾਈ ਲਈ ਕਾਮਿਆਂ ਨੂੰ ਸ਼ਾਮਲ ਕਰੋ।

## ਪੈਰਵੀ ਕਰੋ

**Follow up**

- ❑ ਕਾਮਿਆਂ ਵੱਲੋਂ ਪੇਸ਼ ਕੀਤੀਆਂ ਸ਼ਿਕਾਇਤਾਂ, ਫ਼ਿਕਰ ਵਾਲੀਆਂ ਗੱਲਾਂ, ਅਤੇ ਸੁਝਾਵਾਂ ਵੱਲ ਧਿਆਨ ਦਿਓ।
- ❑ ਕਾਮਿਆਂ ਨੂੰ ਇਹ ਦੱਸਣ ਲਈ ਵਾਪਸ ਰਿਪੋਰਟ ਦਿਓ ਕਿ ਉਪਰ ਲਿਖੀਆਂ ਗੱਲਾਂ, ਸ਼ਕਾਇਤਾਂ ਆਦਿ ਬਾਰੇ ਕੀ ਕੀਤਾ ਜਾਵੇਗਾ।
- ❑ ਹਰ ਇਕ ਟੂਲਬਾਕਸ ਮੀਟਿੰਗ ਦੀ ਕਾਰਵਾਈ ਰੀਪੋਰਟ ਸਾਂਭ ਕੇ ਰੱਖੋ।

## ਜ਼ਾਹਰ ਕਰੋ ਕਿ ਤੁਸੀਂ ਸੁਰੱਖਿਆ ਨੂੰ ਸੰਜੀਦਗੀ ਨਾਲ ਲੈਂਦੇ ਹੋ

Show that you take safety seriously

ਕੰਮ ਦੇ ਵਾਤਾਵਰਣ ਨੂੰ ਸੁਰੱਖਿਅਤ ਬਣਾਉਣ ਲਈ ਇਕ ਟੂਲਬਾਕਸ ਮੀਟਿੰਗ ਨਾਲੋਂ ਵਧੇਰੇ ਯਤਨ ਕਰਨੇ ਪੈਂਦੇ ਹਨ।

- ਕੰਮ ਕਰਨ ਦੇ ਸੁਰੱਖਿਆ ਵਾਲੇ ਅਮਲਾਂ ਨੂੰ ਉਤਸ਼ਾਹ ਦਿਓ।
- ਦੂਜਿਆਂ ਲਈ ਸੁਰੱਖਿਆ ਦੀ ਉੱਤਮ ਮਿਸਾਲ ਕਾਇਮ ਕਰੋ।
- ਕਾਮਿਆਂ ਨੂੰ ਉਤਸ਼ਾਹ ਦਿਓ ਕਿ ਉਹ ਸੁਰੱਖਿਆ ਨਾਲ ਸੰਬੰਧਿਤ ਸਮੱਸਿਆਵਾਂ ਅਤੇ ਸੁ-ਝਾਵਾਂ ਲਈ ਕਿਸੇ ਸਮੇਂ ਵੀ ਤੁਹਾਡੇ ਕੋਲ ਆ ਸਕਦੇ ਹਨ।